# ਪੰਜਾਬ ਵਿਧਾਨ ਸਭਾ

## ਸੱਤਵੇਂ ਸਮਾਗਮ

## ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 03 ਸਤੰਬਰ 2024

----

**ਕੁੱਲ ਪ੍ਰਸ਼ਨ - 17**

----

**ਰੇਲਵੇ ਲਾਈਨ ਉਪਰ ਬਣੇ Rail Over Bridge ਦੀ ਤੀਜੀ ਲੈੱਗ (Railway Road Side) ਬਣਾਉਣਾ I**

**415 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਲੋਕ ਨਿਰਮਾਣ, ਬਿਜਲੀ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਕੀ ਇਹ ਠੀਕ ਹੈ ਕਿ ਫਰੀਦਕੋਟ ਵਿਖੇ ਰੇਲਵੇ line ਉਪਰ ਲੱਗਭਗ 3 ਸਾਲ ਪਹਿਲੇ ਬਣਾਏ ਗਏ ਇੱਕ Rail Over Bridge ਨੂੰ ਸਿੱਧਾ ਫਰੀਦਕੋਟ ਸ਼ਹਿਰ ਵਿੱਚ ਉਤਾਰ ਦਿੱਤਾ ਗਿਆ ਸੀ, ਜਿਸ ਕਾਰਨ ਸਾਰਾ ਟ੍ਰੈਫਿਕ ਸਿੱਧਾ ਫਰੀਦਕੋਟ ਸ਼ਹਿਰ ਵਿੱਚ ਐਂਟਰ ਕਰ ਜਾਂਦਾ ਹੈ ਅਤੇ ਘੰਟਾ ਘਰ ਚੌਂਕ ਵਿੱਚ ਪੂਰਾ ਦਿਨ ਟ੍ਰੈਫਿਕ ਜਾਮ ਦੀ ਹਾਲਤ ਬਣ ਜਾਂਦੀ ਹੈ; ਜੇਕਰ ਅਜਿਹਾ ਹੈ ਤਾਂ ਇਸ ਪੁੱਲ ਦੀ ਤੀਜੀ ਲੈੱਗ ਰੇਲਵੇ ਰੋਡ ਵਾਲੇ ਪਾਸੇ ਉਤਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਇਸ ਕੇਸ ਵਿੱਚ ਵਿਜੀਬਿਲਟੀ ਚੈੱਕ ਕਰਨ ਲਈ ਕੰਸਲਟੈਂਟ ਲਗਾਉਣ ਦੀ ਪ੍ਰਵਾਨਗੀ ਕਦੋਂ ਤੱਕ ਮਿਲ ਜਾਵੇਗੀ?

----

**ਈ.ਐਸ.ਆਈ.ਸੀ. ਹੈਲਥ ਕਾਰਡ ਦੀ ਵਰਤੋਂ ਸਰਕਾਰੀ ਹਸਪਤਾਲਾਂ/ਮੈਡੀਕਲ ਕਾਲਜਾਂ ਵਿੱਚ ਕਰਨਾ**

**418 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :=**

ਕੀ ਸਿਹਤ ਮੰਤਰੀ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਿੰਨ੍ਹਾਂ ਵਿਅਕਤੀਆਂ ਦੇ ਈ.ਐਸ.ਆਈ.ਸੀ. ਹੈਲਥ ਕਾਰਡ ਬਣੇ ਹੋਏ ਹਨ ਉਹ ਸਰਕਾਰੀ ਹਸਪਤਾਲਾਂ/ਮੈਡੀਕਲ ਕਾਲਜਾਂ ਵਿੱਚੋਂ ਆਪਣਾ ਇਲਾਜ ਇਸ ਕਾਰਡ ਉੱਪਰ ਕਰਵਾ ਸਕਦੇ ਹਨ; ਜੇਕਰ ਨਹੀਂ ਤਾਂ ਸਰਕਾਰ ਕਦੋਂ ਤੱਕ ਇਹਨਾਂ ਕਾਰਡਾਂ ਵਾਲੇ ਵਿਅਕਤੀਆਂ ਲਈ ਕੋਈ ਨਿਯਮ ਬਣਾਏਗੀ?

----

**ਸਰਕਾਰ ਵੱਲੋਂ ਜਾਰੀ ਗ੍ਰਾਂਟ-ਇੰਨ-ਏਡ ਦੇ ਵੇਰਵੇ**

420 **ਸ. ਪ੍ਰਤਾਪ ਸਿੰਘ ਬਾਜਵਾ (ਕਾਦੀਆਂ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**

ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਨੂੰ ਵਿੱਤੀ ਸਾਲ 2022-23 ਤੋਂ ਲੈ ਕੇ ਹੁਣ ਤੱਕ ਕੁੱਲ ਕਿੰਨੀ ਗਰਾਂਟ-ਇੰਨ-ਏਡ ਜਾਰੀ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਕੀ ਭਵਿੱਖ ਵਿੱਚ ਇਸ ਦਿੱਤੀ ਜਾ ਰਹੀ ਗ੍ਰਾਂਟ ਵਿੱਚ ਕੋਈ ਵਾਧਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ ?

----

**ਅਰਨੀਵਾਲਾ ਰਜਵਾਹਾ ਦੀ ਬੁਰਜੀ ਨੰ: 0 ਤੋਂ 40630 ਤੱਕ ਦੀ ਉਸਾਰੀ ਕਰਨਾ**

421 **ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ :=** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਰਨੀਵਾਲਾ ਰਜਵਾਹਾ ਦੀ ਬੁਰਜੀ ਨੰ: 0 ਤੋਂ 40630 ਤੱਕ ਦੀ ਲਾਈਨਿੰਗ ਆਦਿ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਇਸ ਰਜਵਾਹੇ ਦੀ ਮੁੜ ਉਸਾਰੀ ਕਰਨ ਦੇ ਪ੍ਰਾਜੈਕਟ ਨੂੰ ਤਿਆਰ ਕਰਨ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਉਕਤ ਰਜਵਾਹੇ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ ?

----

**ਲੁਧਿਆਣਾ ਤੋਂ ਵੱਖ-ਵੱਖ ਪਿੰਡਾਂ ਲਈ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨਾ**

423 **ਸ. ਮਨਵਿੰਦਰ ਸਿੰਘ ਗਿਆਸਪੁਰਾ(ਪਾਇਲ) :**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :-**

ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਚੌਂਦਾਂ ਤੋਂ ਲੁਧਿਆਣਾ ਵਾਇਆ ਜੌੜੇਪੁਲ, ਰੌਣੀ, ਜਰਗ, ਜੰਡਾਲੀ, ਪਾਇਲ, ਕੱਦੋਂ, ਦੋਰਾਹਾ ਕੋਈ ਸਰਕਾਰੀ ਬੱਸ ਸਰਵਿਸ ਚੱਲਦੀ ਹੈ; ਜੇਕਰ ਨਹੀਂ ਤਾਂ ਇਹ ਬੱਸ ਸਰਵਿਸ ਦੁਬਾਰਾ ਕਦੋਂ ਸ਼ੁਰੂ ਕੀਤੀ ਜਾਵੇਗੀ ;

ਅ) ਕੀ ਲੁਧਿਆਣਾ ਤੋਂ ਮਲੌਂਦ ਵਾਇਆ ਰਾੜਾ ਸਾਹਿਬ ਅਤੇ ਸਾਹਨੇਵਾਲ ਕੋਈ ਸਰਕਾਰੀ ਬੱਸ ਸਰਵਿਸ ਚੱਲਦੀ ਹੈ; ਜੇਕਰ ਨਹੀਂ ਤਾਂ ਇਹ ਬੱਸ ਸਰਵਿਸ ਦੁਬਾਰਾ ਕਦੋਂ ਸ਼ੁਰੂ ਕੀਤੀ ਜਾਵੇਗੀ ?

----

**ਸੰਘਣੀ ਵਸੋਂ ਵਾਲੇ ਘਰਾਂ ਉੱਪਰੋਂ ਲੰਘਦੀਆਂ ਹਾਈ ਵੋਲਟੇਜ਼ ਤਾਰਾਂ ਦੀ ਦਿਸ਼ਾ ਬਦਲਣਾ**

**424 ਸ. ਮਨਵਿੰਦਰ ਸਿੰਘ ਗਿਆਸਪੁਰਾ(ਪਾਇਲ) :**

**ਲੋਕ ਨਿਰਮਾਣ, ਬਿਜਲੀ :-**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੰਘਣੀ ਵਸੋਂ ਵਾਲੇ ਘਰਾਂ ਉੱਪਰੋਂ ਲੰਘਦੀਆਂ ਹਾਈ ਵੋਲਟੇਜ਼ ਤਾਰਾਂ ਦੀ ਦਿਸ਼ਾ ਬਦਲਣ ਦੀ ਸਰਕਾਰ ਦੀ ਕੋਈ ਯੋਜਨਾ ਹੈ, ਜੇਕਰ ਅਜਿਹਾ ਹੋਵੇ ਤਾਂ ਪਿੰਡ ਜੋਗੀ ਮਾਜਰਾ ਅਤੇ ਪਿੰਡ ਰੌਣੀ ਵਿਖੇ ਘਰਾਂ ਉਪਰੋਂ ਹਾਈ ਵੋਲਟੇਜ਼ ਤਾਰਾਂ ਹਟਾਉਣ ਲਈ ਵਿਭਾਗ ਨੂੰ ਲਿੱਖੇ ਗਏ ਪਤੱਰਾਂ ਤੇ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

----

**ਬੱਸ ਸਟੈਂਡ ਪਾਇਲ ਦੀ ਮੁਰੰਮਤ ਕਰਵਾਉਣਾ**

**425 ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :=** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੱਸ ਸਟੈਂਡ ਪਾਇਲ ਵਿੱਚ ਯਾਤਰੀਆਂ ਦੇ ਬੈਠਣ ਲਈ ਪੁਖਤਾ ਪ੍ਰਬੰਧ ਨਹੀਂ ਹਨ, ਪਖਾਨਿਆਂ ਦੀ ਹਾਲਤ ਬਹੁਤ ਖਰਾਬ ਹੈ ਅਤੇ ਇਹ ਬੱਸ ਸਟੈਂਡ ਬਹੁਤ ਪੁਰਾਣਾ ਹੋ ਚੁੱਕਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਬੱਸ ਸਟੈਂਡ ਨੂੰ ਨਵਾਂ ਬਣਾਉਣ ਜਾਂ ਇਸ ਦੀ ਮੁੰਰਮਤ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਗਰੀਬ ਪਰਿਵਾਰਾਂ ਲਈ ਹਾਊਸਿੰਗ ਲੋਨ ਸਕੀਮ ਦੇ ਵੇਰਵੇ**

**429 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂ ਕਰਨ, ਆਬਕਾਰੀ ਅਤੇ ਕਰ :=** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗਰੀਬਾਂ ਲਈ ਕੋਈ ਹਾਊਸਿੰਗ ਲੋਨ ਸਕੀਮ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ; ਜੇਕਰ ਚਲਾਈ ਜਾ ਰਹੀ ਹੈ ਤਾਂ ਉਸ ਉੱਪਰ ਕਿੰਨਾਂ ਰੇਟ ਆਫ ਇੰਟਰਸਟ ਪੈਂਦਾ ਹੈ ਅਤੇ ਹੁਣ ਤੱਕ ਇਸ ਸਕੀਮ ਵਿੱਚ ਕਿੰਨੇ ਲੋਕਾਂ ਵੱਲੋਂ ਫਾਇਦਾ ਲਿਆ ਗਿਆ ਹੈ; ਜਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ ?

----

**ਬੇ-ਜ਼ਮੀਨੇ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ**

**430 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ :=** ਕੀ ਬਾਗਬਾਨੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੋ ਬੇ-ਜ਼ਮੀਨੇ ਜਾਂ ਛੋਟੇ ਕਿਸਾਨ ਠੇਕੇ ਤੇ ਜ਼ਮੀਨ ਲੈ ਕੇ ਸ਼ਬਜੀ ਦੀ ਕਾਸ਼ਤ ਕਰਦੇ ਹਨ, ਨੂੰ ਬਾਗਬਾਨੀ

ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਜਿਵੇਂ ਕਿ ਪਾਵਰ ਟੇਲਰ, ਸਪਰੇਅ ਪੰਪ, ਟਰੈਕਟਰ ਮਾਊਂਟਡ ਸਪਰੇਅ ਪੰਪ, ਟਮਾਟਰ ਅਤੇ ਗੋਭੀ ਦੀ ਕਾਸ਼ਤ ਤੇ ਸਬਸਿਡੀਆਂ ਦੇਣ ਯੋਗ ਹਨ ਜਾਂ ਨਹੀਂ?

----

**ਆਬਕਾਰੀ ਤੇ ਕਰ ਵਿਭਾਗ ਵਿੱਚ ਸੁਪਰਡੰਟ ਗ੍ਰੇਡ-1 ਦੀ ਪਦਉਨਤੀ ਕਰਨਾ**

**432 ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂ ਕਰਨ, ਆਬਕਾਰੀ ਅਤੇ ਕਰ :-**

ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜੁਲਾਈ, 2020 ਵਿੱਚ ਆਬਕਾਰੀ ਤੇ ਕਰ ਵਿਭਾਗ ਦੀ ਦੋ ਵੱਖ ਵੱਖ ਵਿਭਾਗਾਂ ਵਿੱਚ ਵੰਡ ਕਰ ਦਿੱਤੀ ਗਈ ਸੀ ਅਤੇ ਵਿਭਾਗ ਦੀ ਰੀਸਟਰਕਚਰਿੰਗ ਮੌਕੇ ਵਿਭਾਗੀ ਲੋੜਾਂ ਅਨੁਸਾਰ ਵੱਖ ਵੱਖ ਨਵੀਆਂ ਆਸਾਮੀਆਂ ਦੀ ਰਚਨਾ ਕਰਦਿਆਂ ਸੁਪਰਡੈਂਟ ਗ੍ਰੇਡ-1 ਦੀਆਂ 10 ਆਸਾਮੀਆਂ ਦੀ ਰਚਨਾ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 3 ਆਸਾਮੀਆਂ ਮੁੱਖ ਦਫਤਰ ਨੂੰ ਅਤੇ 7 ਆਸਾਮੀਆਂ ਫੀਲਡ ਦਫਤਰਾਂ ਨੂੰ ਦਿੱਤੀਆਂ ਗਈਆਂ ਸਨ;

ਅ) ਕੀ ਇਹ ਵੀ ਠੀਕ ਹੈ ਕਿ ਮੁੱਖ ਦਫਤਰ ਦੇ ਹਿੱਸੇ ਦੀਆਂ 3 ਆਸਾਮੀਆਂ ਪਦਉਨਤੀ ਰਾਹੀਂ ਭਰ ਦਿੱਤੀਆਂ ਸਨ ਪ੍ਰੰਤੂ 4 ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਫੀਲਡ ਦਫਤਰਾਂ ਦੀਆਂ 7 ਆਸਾਮੀਆਂ ਅਜੇ ਤੱਕ ਪਦ ਉਨਤੀ ਰਾਹੀਂ ਨਹੀਂ ਭਰੀਆਂ ਗਈਆਂ; ਜੇਕਰ ਅਜਿਹਾ ਹੋਵੇ ਤਾਂ ਇਹ 7 ਆਸਾਮੀਆਂ ਪਦਉਨਤੀ ਰਾਹੀਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ;

ੲ) ਵਿਭਾਗ ਵਿੱਚ ਕੰਮ ਕਰਦੇ ਸੁਪਰਡੰਟ ਗ੍ਰੇਡ-1 ਨੂੰ ਅੱਗੋਂ ਤਰੱਕੀ ਦੇ ਕੀ ਮੌਕੇ ਦਿੱਤੇ ਗਏ ਹਨ?

----

**ਚਾਈਨਾ ਡੋਰ ਕਾਰਨ ਜ਼ਖਮੀ ਹੋਏ ਲੋਕਾਂ ਨੂੰ ਮਾਲੀ ਸਹਾਇਤਾ ਦੇਣਾ**

**434 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਮੁੱਖ ਮੰਤਰੀ :-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਸਾਲ 2021 ਤੋਂ ਹੁਣ ਤੱਕ ਚਾਈਨਾ ਡੋਰ ਤੋਂ ਕਿੰਨੇ ਲੋਕ ਜ਼ਖਮੀ ਹੋਏ ਹਨ; ਕੀ ਸਰਕਾਰ ਵੱਲੋਂ ਅਜਿਹੀਆਂ ਦੁਖਦਾਈ ਘਟਨਾਵਾਂ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਕੋਈ ਮਾਲੀ ਸਹਾਇਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਦਿੱਤੀ ਗਈ ਮਾਲੀ ਸਹਾਇਤਾ ਦੀ ਰਕਮ ਕਿੰਨੀ ਹੈ;

ਅ) ਹਰ ਸਾਲ ਹੋ ਰਹੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

----

**ਦਵਾਈਆਂ ਦੀ ਅਸਲ ਕੀਮਤ ਨਿਰਧਾਰਿਤ ਕਰਨਾ**

**436 ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :=**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਵਿੱਕਣ ਵਾਲੀਆਂ ਦਵਾਈਆਂ ਦੀਆਂ manufacturing cost ਅਤੇ print cost ਵਿੱਚ ਕਈ ਗੁਣਾ ਫਰਕ ਹੁੰਦਾ ਹੈ। ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬੰਧੀ ਮੁਨਾਫਾਖੋਰੀ ਨੂੰ ਠੱਲ੍ਹ ਪਾਉਣ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

----

**ਪੰਜਾਬ ਵਿੱਚ ਲੱਗਦੀਆਂ ਪਸ਼ੂ ਮੰਡੀਆਂ ਦੇ ਵੇਰਵੇ**

**439 ਸ. ਲਾਭ ਸਿੰਘ ਉਗੋਕੇ (ਭਦੌੜ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :=**

ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਲੱਗਦੀਆਂ ਪਸ਼ੂ ਮੰਡੀਆਂ ਤੋਂ ਸਰਕਾਰੀ ਖਜਾਨੇ ਨੂੰ ਕਿੰਨਾ ਫਾਇਦਾ ਹੁੰਦਾ ਹੈ ਅਤੇ ਇਹਨਾਂ ਪਸ਼ੂ ਮੰਡੀਆਂ ਵਿੱਚ ਕਿਹੜੀਆਂ-ਕਿਹੜੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ;ਕੀ ਇਹ ਸਹੂਲਤਾਂ ਅਸਲੀਅਤ ਵਿੱਚ ਪਸ਼ੂ ਪਾਲਕਾਂ ਨੂੰ ਜ਼ਮੀਨੀ ਪੱਧਰ ਤੇ ਮਿਲ ਰਹੀਆਂ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

**ਸੜਕਾਂ ਦੀਆਂ ਬਰਮਾਂ ਤੇ ਹੋਏ ਕਬਜੇ ਛੁੱਡਵਾਉਣਾ**

**443 ਸ. ਲਾਭ ਸਿੰਘ ਉਗੋਕੇ (ਭਦੌੜ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :=**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਲਿੰਕ ਸੜਕਾਂ ਅਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਬਣੀਆਂ ਸੜਕਾਂ ਦੇ ਨਾਲ ਛੱਡੀਆਂ ਗਈਆਂ ਬਰਮਾਂ ਤੋ ਕਬਜ਼ੇ ਕਦੋਂ ਤੱਕ ਛੁੱਡਵਾ ਦਿੱਤੇ ਜਾਣਗੇ ?

----

**ਭਦੌੜ ਵਿੱਚ ਸਾਹਿਤਿਕ ਆਡੀਟੋਰੀਅਮ ਬਣਾਉਣਾ**

**445 ਸ. ਲਾਭ ਸਿੰਘ ਉਗੋਕੇ (ਭਦੌੜ):**

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ :=**

ਕੀ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਰਨਾਲਾ ਦੇ ਹਲਕਾ ਭਦੌੜ ਵਿੱਚ ਜਨਮੇ ਪੰਜਾਬੀ ਸਾਹਿਤ ਦੀਆਂ ਮਹਾਨ ਸਖਸ਼ੀਅਤਾਂ ਰਾਮ ਸਰੂਪ ਅਣਖੀ ਜੀ, ਬਲਵੰਤ ਗਾਰਗੀ ਜੀ, ਦਵਿੰਦਰ ਸਿਥਿਆਰਤੀ ਸਾਬ ਜੀ ਨੂੰ ਮਾਣ ਦੇਣ ਅਤੇ ਇਸ ਖੇਤਰ ਦੇ ਲੋਕਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਲਈ ਇੱਕ ਸਾਹਿਤਿਕ ਆਡੀਟੋਰੀਅਮ ਭਦੌੜ ਵਿੱਚ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਪਿੰਡ ਬੋੜਾਵਾਲ ਅਤੇ ਗੜੱਦੀ ਨੂੰ ਥਾਣਾ ਸਦਰ ਬੁਢਲਾਡਾ ਨਾਲ ਜੋੜਨਾ**

**446 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):**

**ਮੁੱਖ ਮੰਤਰੀ :=**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਦੋ ਪਿੰਡ ਬੋੜਾਵਾਲ ਅਤੇ ਗੁੜੱਦੀ ਥਾਣਾ ਭੀਖੀ ਵਿੱਚ ਪੈਂਦੇ ਹਨ ਜਦੋਂ ਕਿ ਤਹਿਸੀਲਦਾਰ ਅਤੇ ਐਸ.ਡੀ.ਐਮ. ਦੇ ਦਫਤਰ ਨਾਲ ਸਬੰਧਤ ਕੰਮਾਂ ਲਈ ਬੁਢਲਾਡਾ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਹਨਾਂ ਦੋਵੇਂ ਪਿੰਡਾਂ ਨੂੰ ਥਾਣਾ ਭਿਖੀ ਤੋਂ ਵਾਪਸ ਲੈ ਕੇ ਬੁਢਲਾਡਾ ਥਾਣਾ ਸਦਰ ਨਾਲ ਜੋੜਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

----

## ਰੋਪੜ ਤੇ ਨਵਾਂਸ਼ਹਿਰ ਵਿੱਚ ਅਪਰਿੰਟਸਸ਼ਿੱਪ ਪ੍ਰੋਗਰਾਮ ਤਹਿਤ ਸੀਟਾਂ ਭਰਨਾ

**447 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪ੍ਰਸ਼ਾਸਨਿਕ ਸੁਧਾਰਾਂ ਅਤੇ ਜਨਤਕ ਸ਼ਿਕਾਇਤਾਂ, ਰੋਜ਼ਗਾਰ ਉਤਪਤੀ ਅਤੇ ਸਿਖਲਾਈ :=**

ਕੀ ਰੋਜਗਾਰ ਉਤਪਤੀ ਅਤੇ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੱਛਲੇ 10 ਸਾਲਾਂ ਵਿੱਚ ਹਰ ਸਾਲ ਰੋਪੜ ਤੇ ਨਵਾਂਸ਼ਹਿਰ ਜਿਲ੍ਹਿਆਂ ਵਿੱਚ ਅੱਡ ਅੱਡ ਫੈਕਟਰੀਆਂ ਵੱਲੋਂ ਕਿੰਨੀਆਂ ਕਿੰਨੀਆਂ ਸੀਟਾਂ ਅਪਰਿੰਟਸਸ਼ਿੱਪ ਪ੍ਰੋਗਰਾਮ ਤਹਿਤ ਭਰਨੀਆਂ ਜਰੂਰੀ ਸਨ ਅਤੇ ਇਨ੍ਹਾਂ ਵਿਚੋਂ ਹਰ ਸਾਲ ਕਿੰਨੀਆਂ ਸੀਟਾਂ ਭਰੀਆਂ ਹਨ, ਵੇਰਵੇ ਸਹਿਤ ਦੱਸਿਆ ਜਾਵੇ ?

----

**ਚੰਡੀਗੜ੍ਹ, 160001.** — **ਰਾਮ ਲੋਕ ਖਟਾਣਾ,**

**31 ਅਗਸਤ 2024.** — **ਸਕੱਤਰ**